# *ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ* ਲਘੂ ਨਾਟਕ ਸੰਗ੍ਰਹਿ : ਮੂਲ ਸਰੋਕਾਰ

ਡਾ. ਗੁਰਵਿੰਦਰ ਕੌਰ,
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਅਜਮੇਰ ਔਲਖ ਪਿਛਲੇ ਲੰਮੇ ਅਰਸੇ ਤੋਂ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿਚ ਕਰਮਸ਼ੀਲ ਹਸਤਾਖ਼ਰ ਹੈ। ਉਹ ਮਾਲਵੇ ਦੇ ਰੇਤਲੇ ਟਿੱਬਿਆਂ ਦਾ ਜੰਮਪਲ ਹੈ। ਉਸਦਾ ਨਿੱਜੀ ਜੀਵਨ ਅਤੇ ਨਾਟਕ ਆਪਸ ਵਿਚ ਇਕ ਗੂੜੀ ਸਾਂਝ ਰੱਖਦੇ ਹਨ, ਜਿਨ੍ਹਾਂ ਨੂੰ ਅਸੀਂ ਇਕ ਦੂਜੇ ਤੋਂ ਤੋੜ ਵਿਛੋੜ ਕੇ ਸਮਝ ਨਹੀਂ ਸਕਦੇ। ਅਜਮੇਰ ਔਲਖ ਇਕ ਗ਼ਰੀਬ ਮੁਜ਼ਾਰਾ ਪਰਿਵਾਰ ਨਾਲ ਸੰਬੰਧ ਰੱਖਦਾ ਸੀ, ਜਿਸ ਨੇ ਜਗੀਰਦਾਰੀ ਰਹਿਤਲ ਵਿਚ ਸਰਮਾਏਦਾਰੀ ਨਿਜ਼ਾਮ ਦੇ ਤਸ਼ੱਦਦ ਨੂੰ ਆਪਣੇ ਪਿੰਡੇ ’ਤੇ ਹੰਢਾਇਆ। ਸਰਮਾਏਦਾਰਾਂ ਦੇ ਅਣਮਨੁੱਖੀ ਵਤੀਰੇ ਨੇ ਉਸਦੇ ਮਨ ਅੰਦਰ ਇਕ ਵਿਦਰੋਹੀ ਰੋਹ ਭਰ ਦਿੱਤਾ, ਜੋ ਉਸਦੀ ਹਰ ਰਚਨਾ ਵਿਚ ਭਲੀ-ਭਾਂਤ ਨਜ਼ਰੀ ਪੈਂਦਾ ਹੈ। ਡਾ. ਕੇਸਰ ਸਿੰਘ ਕੇਸਰ ਮੁਤਾਬਿਕ:

> ਥੁੜੀ ਟੁੱਟੀ ਕਿਸਾਨੀ ਦੇ ਭਾਵੁਕ ਆਰਥਿਕ ਮਸਲਿਆ, ਨਿੱਤ ਦੀਆਂ ਤੋਟਾਂ, ਅਧੂਰੀਆਂ ਰੀਝਾਂ, ਅਪੂਰਨ ਚਾਵਾਂ, ਮੁਸ਼ੱਕਤੀ ਹੌਂਸਲਿਆਂ-ਹਾਸਿਲਾਂ ਅਤੇ ਅਪ੍ਰਗਟ ਸੋਚਾਂ ਸੁਪਨਿਆਂ ਦਾ ਉਸ ਨੂੰ ਏਨਾ ਨਿੱਜੀ, ਨੇੜੇ ਦਾ ਤੇ ਪ੍ਰਮਾਣਿਕ ਅਨੁਭਵ ਹਾਸਿਲ ਹੈ, ਜਿੰਨਾਂ ਕਿਸੇ ਹੋਰ ਪੰਜਾਬੀ ਨਾਟਕਕਾਰ ਨੂੰ ਸ਼ਾਇਦ ਹੀ ਹੋਵੇ। ਇਹ ਅਨੁਭਵ ਉਸਦੇ ਨਾਟਕਾਂ ਦੀ ਥੀਮਕ ਸਾਮੱਗਰੀ ਹੈ।[1]

ਇਹਨਾਂ ਹਾਲਤਾਂ ਨੇ ਹੀ ਅਜਮੇਰ ਔਲਖ ਨੂੰ ਲਿਖਣ ਲਈ ਮਜਬੂਰ ਕੀਤਾ। ਆਪਣੇ ਸਕੂਲੀ ਦਿਨਾਂ ਵਿਚ ਉਸਨੇ ਇਸ ਨਿਜ਼ਾਮ ਦੇ ਖ਼ਿਲਾਫ਼ ਕੁਝ ਕਵਿਤਾਵਾਂ ਲਿਖੀਆਂ ਜੋ ਪਾਸ਼ ਦੇ **ਸਿਆੜ** ਰਿਸਾਲੇ ਵਿਚ ਵੀ ਛਪੀਆਂ। ਇਸ ਤੋਂ ਇਲਾਵਾ ਉਸਨੇ ਕੁਝ ਕਹਾਣੀਆਂ ਵੀ ਲਿਖੀਆਂ ਜੋ ਸਮੇਂ-ਸਮੇਂ ਦੌਰਾਨ ਵੱਖ-ਵੱਖ ਰਿਸਾਲਿਆਂ ਵਿਚ ਛਪੀਆਂ। ਇਕ ਨਾਵਲ **(ਬਿਸਵੇਦਾਰੀ ਅਤੇ ਹਰਾਮਜਾਦਾ)** ਲਿਖਿਆ, ਜਿਸ ਨੂੰ ਉਸਨੇ ਛਪਵਾਇਆ

ਨਹੀਂ। ਉਸਨੇ ਆਪ ਵੀ 1972–73 ਵਿਚ **ਨਾਗ ਨਿਵਾਸਾ** ਨਾਮ ਦਾ ਰਿਸਾਲਾ ਕੱਢਣਾ ਸ਼ੁਰੂ ਕੀਤਾ ਸੀ ਪਰ ਕੁਝ ਕਾਰਨਾਂ ਕਰਕੇ ਉਹ ਜਲਦੀ ਹੀ ਬੰਦ ਹੋ ਗਿਆ। ਪੰਜਾਬੀ ਨਾਟਕ ਦੇ ਖੇਤਰ ਵਿਚ ਉਸਦੇ ਹੁਣ ਤੱਕ ਛੇ ਲਘੂ ਨਾਟਕ ਸੰਗ੍ਰਹਿ ਅਤੇ ਸੱਤ ਪੂਰੇ ਨਾਟਕ ਪ੍ਰਕਾਸ਼ਿਤ ਹੋਏ ਹਨ। ਉਸਦੇ ਲਘੂ ਨਾਟਕ ਸੰਗ੍ਰਹਿ ਵਿਚ ਇਕਾਂਗੀ ਅਤੇ ਕਾਵਿ ਨਾਟਕ ਵੀ ਸ਼ਾਮਿਲ ਸਨ। ਲਘੂ ਨਾਟਕ ਸੰਗ੍ਰਹਿ ਹਨ : **ਅਰਬਦ ਨਰਬਦ ਧੁੰਦੂਕਾਰਾ** (1978), **ਬਗਾਨੇ ਬੋਹੜ ਦੀ ਛਾਂ** (1981), **ਅੰਨੇ ਨਿਸ਼ਾਨਚੀ** (1983), **ਮੇਰੇ ਚੋਣਵੇਂ ਇਕਾਂਗੀ** (1985), **ਗਾਨੀ** (1990) ਅਤੇ **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** (2003)। ਪੂਰੇ ਨਾਟਕਾਂ ਵਿਚ **ਸੱਤ ਬਗਾਨੇ** (1987), **ਭੱਜੀਆਂ ਬਾਹਾਂ** (1988), **ਕਿਹਰ ਸਿੰਘ ਦੀ ਮੌਤ** (1992), **ਸਲਵਾਨ** (1994), **ਇਕ ਸੀ ਦਰਿਆ** (1994), **ਝਨਾਂ ਦੇ ਪਾਣੀ** (2000) ਅਤੇ **ਨਿੱਕੇ ਸੂਰਜਾਂ ਦੀ ਲੜਾਈ** ਆ ਜਾਂਦੇ ਹਨ। ਇਸ ਤੋਂ ਇਲਾਵਾ ਉਸਨੇ ਪੰਜਾਬੀ ਰੰਗਮੰਚ ਨੂੰ ਹੋਰ ਵਿਕਸਤ ਕਰਨ ਲਈ 1976 ਵਿਚ 'ਲੋਕ ਕਲਾ ਮੰਚ' ਦੀ ਮਾਨਸਾ ਵਿਖੇ ਸਥਾਪਨਾ ਵੀ ਕੀਤੀ। ਇਸ ਸੰਸਥਾ ਨੂੰ ਚਲਾਉਣ ਵਿਚ ਉਸਦੇ ਪੂਰੇ ਪਰਿਵਾਰ ਨੇ ਸਹਿਯੋਗ ਦਿੱਤਾ।

ਅਜਮੇਰ ਔਲਖ ਇਕ ਚੇਤੰਨ ਨਾਟਕਕਾਰ ਹੈ। ਉਸਨੇ ਆਪਣੇ ਨਾਟਕਾਂ ਵਿਚ ਯਥਾਰਥਵਾਦੀ ਦ੍ਰਿਸ਼ਟੀ ਅਪਣਾਉਂਦਿਆਂ ਜ਼ਿੰਦਗੀ ਦੇ ਕੌੜੇ ਯਥਾਰਥਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਉਹ ਨਿਮਨ ਕਿਰਸਾਨੀ ਦੀਆਂ ਆਰਥਿਕ ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ, ਪੂੰਜੀਵਾਦੀ ਵਰਗ ਵੱਲੋਂ ਮਾੜੇ ਲੋਕਾਂ ਦੀ ਲੁੱਟ–ਖਸੁੱਟ, ਜਾਤ–ਪਾਤ, ਮਨੁੱਖੀ ਰਿਸ਼ਤਿਆਂ ਦੇ ਵਿਗਠਨ, ਭਰੂਣ ਹੱਤਿਆ, ਨਾਰੀ ਚੇਤਨਾ, ਰਾਜਨੀਤਿਕ ਪੁਲਿਸ ਪ੍ਰਸ਼ਾਸਨ ਨਾਲ ਜੁੜੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਕੇਂਦਰੀ ਥੀਮ ਸਵੀਕਾਰਦਾ ਹੈ। ਉਸਨੇ ਆਪਣੇ ਨਾਟਕਾਂ ਵਿਚ ਮਾਲਵਾ ਖੇਤਰ ਦੇ ਪੱਛੜੇ ਇਲਾਕਿਆਂ ਨੂੰ ਆਧਾਰ ਬਣਾ ਕੇ, ਪੰਜਾਬੀ ਨਾਟਕ ਵਿਚ ਆਂਚਲਿਕਤਾ ਦੀ ਪ੍ਰਵਿਰਤੀ ਨੂੰ ਚਲਾਇਆ। ਨਿਮਨ ਕਿਰਸਾਨੀ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਸਮੱਸਿਆਵਾਂ ਨੂੰ ਪੇਸ਼ ਕਰਨ ਕਰਕੇ ਹੀ ਉਸਨੂੰ ਨਿਮਨ ਕਿਰਸਾਨੀ ਦਾ ਦੁਖਾਂਤ ਪੇਸ਼ ਕਰਨ ਵਾਲਾ ਨਾਟਕਕਾਰ ਕਿਹਾ ਜਾਂਦਾ ਹੈ। ਗਰੀਬ ਕਿਰਸਾਨੀ ਸੰਬੰਧੀ ਨਾਟਕ ਦੀ ਸਿਰਜਨਾ ਉਹ ਪੇਂਡੂ ਮੁਹਾਵਰੇ ਵਿਚ ਕਰਦਾ ਹੈ। ਇਸ ਦੇ ਨਾਲ ਹੀ ਉਹ ਨਾਟਕੀ ਜੁਗਤਾਂ ਅਤੇ ਮੰਚੀ ਸ਼ੈਲੀਆਂ ਉੱਪਰ ਵੀ ਆਪਣੀ ਮਜ਼ਬੂਤ ਪਕੜ ਰੱਖਦਾ ਹੈ।

ਹੱਥਲੇ ਖੋਜ ਪੱਤਰ ਦਾ ਮਕਸਦ **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਲਘੂ ਨਾਟਕ–ਸੰਗ੍ਰਹਿ ਵਿਚਲੇ ਮੂਲ ਸਰੋਕਾਰਾਂ ਨੂੰ ਉਜਾਗਰ ਕਰਨਾ ਹੈ। ਇਸ ਲਘੂ ਨਾਟਕ ਸੰਗ੍ਰਹਿ ਵਿਚ ਕੁਝ ਪੰਜ ਲਘੂ ਨਾਟਕ ਸ਼ਾਮਿਲ ਹਨ, ਜੋ ਵੱਖ–ਵੱਖ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਮਸਲਿਆਂ ਦੀ ਪ੍ਰਤੀਨਿਧਤਾ

ਕਰਦੇ ਹਨ। ਸੰਗ੍ਰਹਿ ਵਿਚ ਸ਼ਾਮਲ ਲਘੂ ਨਾਟਕ: (1) **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** (2) **ਹਰਿਓ ਬੂਟ,** (3) **ਅੰਨ੍ਹੇਰੀ ਕੋਠੜੀ,** (4) **ਕਲਖ਼ ਹਨੇਰੇ,** (5) **ਲੋਹੇ ਦਾ ਪੁੱਤ।** ਔਲਖ ਨੇ ਇਹ ਲਘੂ ਨਾਟਕ ਵੱਖ-ਵੱਖ ਸਮਿਆਂ ਦੌਰਾਨ ਲਿਖੇ ਅਤੇ 2003 ਵਿਚ ਇਹਨਾਂ ਨੂੰ ਲਘੂ ਨਾਟਕ ਸੰਗ੍ਰਹਿ ਪੁਸਤਕ ਦਾ ਰੂਪ ਦਿੱਤਾ।

ਅਜਮੇਰ ਔਲਖ ਆਪਣੇ ਨਾਟਕਾਂ ਵਿਚ ਪੇਂਡੂ ਗਰੀਬ ਕਿਸਾਨਾਂ ਅਤੇ ਕੰਮੀਆਂ ਦੇ ਜੀਵਨ ਯਥਾਰਥ ਨੂੰ ਚਿਤਰਦਾ ਹੈ ਅਤੇ ਆਰਥਿਕਤਾ ਉਸਦੇ ਨਾਟਕਾਂ ਦਾ ਮੂਲ ਸਰੋਕਾਰ ਬਣਦੀ ਹੈ। ਨਿਮਨ ਕਿਰਸਾਨੀ ਦੀਆਂ ਸਮੁੱਚੀਆਂ ਸਮੱਸਿਆਵਾਂ ਦਾ ਮੂਲ ਕਾਰਨ ਉਹਨਾਂ ਦੀ ਕਮਜ਼ੋਰ ਅਤੇ ਡਗਮਗਉਂਦੀ ਆਰਥਿਕਤਾ ਹੀ ਹੈ। ਆਰਥਿਕ ਥੁੜਾਂ ਕਾਰਨ ਹੀ ਉਸਦੇ ਪਾਤਰ ਪਰਿਵਾਰਕ ਟੁੱਟ-ਭੱਜ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਸੰਤਾਪ ਹੰਢਾਉਂਦੇ ਹਨ। ਇਸ ਲਘੂ ਨਾਟਕ ਸੰਗ੍ਰਹਿ ਵਿਚ ਵੀ ਔਲਖ ਦੇ ਦੋ ਲਘੂ ਨਾਟਕ **ਅੰਨ੍ਹੇਰੀ ਕੋਠੜੀ** ਅਤੇ **ਲੋਹੇ ਦਾ ਪੁੱਤ** ਦੇ ਮੁੱਖ ਪਾਤਰ ਇਹਨਾਂ ਆਰਥਿਕ ਥੁੜਾਂ ਜਾਂ ਸਮੱਸਿਆਵਾਂ ਨਾਲ ਜੁਝਦੇ ਨਜ਼ਰ ਆਉਂਦੇ ਹਨ। ਅੰਨ੍ਹੇਰੀ ਕੋਠੜੀ ਵਿਚ ਔਲਖ ਨੇ ਆਰਥਿਕ ਤੌਰ 'ਤੇ ਮਰ ਰਹੀ ਛੋਟੀ ਕਿਸਾਨੀ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਨਾਟਕ ਵਿੱਚ ਇਕ ਪਰਿਵਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ। ਤੋਤਾ ਸਿੰਘ ਨੇ ਆਪਣੀ ਮਿਹਨਤ ਸਦਕਾ ਜ਼ਮੀਨ ਤਿਆਰ ਕੀਤੀ ਸੀ। ਜਿਸ ਸਹਾਰੇ ਉਹ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਚਲਾਉਂਦਾ ਸੀ। ਪਰ ਉਸਦੇ ਮਰਨ ਪਿਛੋਂ ਉਸਦਾ ਪਰਿਵਾਰ ਇਕ ਭਾਰੇ ਕਰਜ਼ੇ ਹੇਠ ਆ ਜਾਂਦਾ ਹੈ। ਸ਼ਰੀਕ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਉਹਨਾਂ ਦੀ ਜ਼ਮੀਨ ਖਰੀਦਨਾ ਚਾਹੁੰਦੇ ਹਨ। ਨਾਟਕ ਵਿਚ ਚਰਨਾ ਜੋ ਫ਼ਸਲ ਵੇਚ ਕੇ ਆਉਂਦਾ ਹੈ ਆਉਂਦਿਆਂ ਹੀ ਆਪਣੀ ਬੇਬੇ ਨੂੰ ਦੱਸਦਾ ਹੈ ਕਿ ਉਹ ਸਾਢੇ ਚਾਰ ਲੱਖ ਦੇ ਕਰਜ਼ਾਈ ਹੋ ਗਏ ਹਨ। ਧੀ ਦੇ ਵਿਆਹ ਉੱਤੇ ਉਹਨਾਂ ਨੇ ਟਰੈਕਟਰ ਵੇਚ ਦਿੱਤਾ ਜਿਸ ਦੀਆਂ ਕਿਸ਼ਤਾਂ ਅਜੇ ਵੀ ਚਲਦੀਆਂ ਹਨ। ਸਮੇਂ ਸਿਰ ਆੜਤੀਏ ਦਾ ਕਰਜ਼ਾ ਵਾਪਸ ਨਾ ਕਰਨ 'ਤੇ ਉਸਨੂੰ ਕਚਹਿਰੀ ਵੀ ਜਾਣਾ ਪੈ ਸਕਦਾ ਹੈ। ਕਰਜ਼ੇ ਲਈ ਸਾਰਾ ਪਰਿਵਾਰ ਇਕ ਦੂਜੇ ਨੂੰ ਕੋਸਦਾ ਹੋਇਆ ਇਕ ਦੂਜੇ ਉੱਤੇ ਦੋਸ਼ ਮੜ੍ਹਦਾ ਹੈ। ਮੇਜਰ ਦੱਸਦਾ ਹੈ ਕਿ ਕੱਲ੍ਹ ਨੂੰ ਕਚਹਿਰੀ ਵਿਚ ਜਾ ਕੇ ਜ਼ਮੀਨ ਦੀ ਰਜਿਸਟਰੀ ਕਰਵਾ ਦਿੱਤੀ ਜਾਵੇਗੀ। ਇਹ ਸੁਣ ਕੇ ਬੇਬੇ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦੀ ਹੈ ਅਤੇ ਜ਼ਮੀਨ ਵੇਚਣ ਦੇ ਝੋਰੇ ਵਿਚ ਦਮ ਤੋੜ ਦਿੰਦੀ ਹੈ।

ਇਕ ਗ਼ਰੀਬ ਕਿਸਾਨ ਜੋ ਸਾਲ ਦੀ ਮਿਹਨਤ ਕਰਨ ਪਿੱਛੋਂ ਵੀ ਸਾਰੀ ਫ਼ਸਲ ਮੰਡੀ ਵਿਚ ਵੇਚ ਕੇ ਵੀ ਆਪਣੇ ਪੱਲੇ ਕੁਝ ਨਹੀਂ ਪਾਉਂਦਾ ਉਸਨੂੰ ਇਸ ਸਭ ਕੁਝ ਦੇ ਚਲਦਿਆਂ ਇਹ ਪਤਾ ਨਹੀਂ ਚਲਦਾ ਕਿ ਉਸ

ਉੱਪਰ ਇਹ ਕਰਜ਼ਾ ਚੜਿਆ ਕਿਵੇਂ? ਅਜਿਹੀ ਸਥਿਤੀ ਇਸ ਨਾਟਕ ਵਿਚ ਵੀ ਪੇਸ਼ ਹੁੰਦੀ ਹੈ। ਲੋੜੋਂ ਵੱਧ ਹੋਏ ਖ਼ਰਚਿਆਂ ਬਾਰੇ ਆਪਣਾ ਗੁੱਸਾ ਪ੍ਰਗਟਾਉਂਦਾ ਚਰਨਾ ਬੋਲਦਾ ਹੈ ਕਿ :

**ਚਰਨਾ :** ਦੁੱਖ ਅਤੇ ਬੇਵੱਸੀ ਵਿਚ ਕਬੀਲਦਾਰੀ ਦੀਆਂ ਲੋੜਾਂ 'ਤੇ
ਗੁੱਸਾ ਹੁੰਦਾ ਦੱਸਦਾ : ਆਈਆਂ-ਚਲਾਈਆ!
ਵਿਆਹ-ਸ਼ਾਦੀਆਂ ਬਮਾਰੀਆਂ-ਸ਼ਮਾਰੀਆਂ!
ਟ੍ਰੈਟਰ ਦੀਆਂ ਕਿਸ਼ਤਾ![2]

ਇਸੇ ਤਰ੍ਹਾਂ **ਲੋਹੇ ਦਾ ਪੁੱਤ** ਲਘੂ ਨਾਟਕ ਜੋ ਅਜਮੇਰ ਔਲਖ ਨੇ ਪਾਸ਼ ਦੀ ਕਵਿਤਾਵਾਂ ਨੂੰ ਆਧਾਰ ਬਣਾ ਕੇ ਲਿਖਿਆ। ਇਸ ਨਾਟਕ ਵਿਚ ਔਲਖ ਨੇ ਜ਼ਮੀਨ ਦੀ ਥੁੜ, ਕਮਜ਼ੋਰ ਆਰਥਿਕਤਾ ਅਤੇ ਸਰਮਾਏਦਾਰੀ ਹੱਥੋਂ ਕਿਰਤੀਆਂ ਦੀ ਲੁੱਟ-ਖਸੁੱਟ ਨੂੰ ਇਕ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ। ਨਾਟਕ ਵਿਚ ਮੁਖ ਪਾਤਰ ਬਰਛੇ ਦੁਆਰਾ ਨਾਰੰਗੇ ਤੋਂ ਉਸਦੀਆਂ ਦੋ ਮਹੀਨਿਆਂ ਦੀਆਂ ਦਿਹਾੜੀਆਂ ਮੰਗਣ ਤੇ ਨਾਰੰਗੇ ਦੁਆਰਾ ਬਰਛੇ ਨੂੰ ਬੁਰਾ ਬੋਲਣਾ, ਗੁੱਸੇ ਵਿਚ ਆ ਕੇ ਬਰਛੇ ਦੁਆਰਾ ਨਾਰੰਗੇ ਉੱਪਰ ਹਮਲਾ ਕਰਨਾ, ਸੂਤਰਧਾਰ ਅਤੇ ਬਰਛੇ ਦੁਆਰਾ ਬੋਲੇ ਗਏ ਬੋਲ ਇਸ ਨਾਟਕ ਵਿਚ ਪੇਸ਼ ਮਸਲੇ ਨੂੰ ਵਧੇਰੇ ਸਾਰਥਕ ਢੰਗ ਨਾਲ ਪ੍ਰਗਟਾਉਂਦੇ ਹਨ।

**ਸੂਤਰਧਾਰ :** ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ।
ਗਦਾਰੀ ਲੋਭ ਦੀ ਮੁੱਠ ਸਭ ਤੋਂ ਖਤਰਨਾਕ ਨਹੀਂ ਹੁੰਦੀ।

**ਬਰਛਾ :** ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ।
ਜੋ ਸਭ ਕੁਝ ਦੇਖਦੀ ਹੋਈ ਵੀ ਠੰਢੀ
ਯੱਖ਼ ਹੁੰਦੀ ਹੈ।[3]

ਆਧੁਨਿਕ ਸਮਾਜ ਵਿਚ ਪੂੰਜੀਵਾਦੀ ਸਭਿਆਚਾਰ ਨੇ ਜਿਥੇ ਸਮਾਜ ਨੂੰ ਆਰਥਿਕ ਪੱਖੋਂ ਦੋ ਸ਼੍ਰੇਣੀਆਂ ਵਿਚ ਵੰਡਿਆ ਉੱਥੇ ਮਨੁੱਖ ਦੀ ਸੋਚ/ਸੁਭਾਅ ਨੂੰ ਵੀ ਦੋ ਭਾਗਾਂ ਵਿਚ ਵੰਡ ਦਿੱਤਾ। ਇਕ ਪਾਸੇ ਉਸ ਸੁਭਾਅ ਦੇ ਲੋਕ ਜੋ ਅੱਜ ਵੀ ਰੂੜੀਵਾਦੀ ਸੋਚ ਦੇ ਧਾਰਨੀ ਹਨ ਅਤੇ ਆਪਣੀਆਂ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਕੱਟੜਤਾ ਨਾਲ ਅਪਣਾਈ ਬੈਠੇ ਹਨ। ਦੂਜੇ ਪਾਸੇ ਆਧੁਨਿਕਤਾ ਤੋਂ ਪ੍ਰਭਾਵਿਤ ਉਹ ਲੋਕ ਜਿੰਨਾਂ ਦੀ ਸੋਚ ਵੀ ਆਧੁਨਿਕ ਹੈ, ਉਹ ਸਮੇਂ ਅਨੁਸਾਰ ਬਦਲਦੀਆਂ ਕਦਰਾਂ-ਕੀਮਤਾਂ ਨੂੰ ਅਪਣਾ ਕੇ ਪਰੰਪਰਾ ਵਿਚ ਪਈਆਂ ਕਦਰਾਂ-

ਕੀਮਤਾਂ ਜੋ ਕੁਰੀਤੀਆਂ ਦਾ ਰੂਪ ਧਾਰਨ ਕਰਦੀਆਂ ਹਨ ਉਹਨਾਂ ਨੂੰ ਤਿਲਾਂਜਲੀ ਦੇ ਰਹੇ ਹਨ। ਪਰੰਪਰਾ ਅਤੇ ਆਧੁਨਿਕਤਾ ਵਿਚਲੇ ਇਸ ਦਵੰਦ ਨੂੰ ਔਲਖ ਨੇ ਆਪਣੇ ਨਾਟਕਾਂ ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ। **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਲਘੂ ਨਾਟਕ ਵਿਚ ਇਕ ਧਨੀ ਸਿੱਖ ਕਿਸਾਨ ਹੈ ਜਿਸ ਦੀ ਧੀ ਹਰਪ੍ਰੀਤ ਆਪਣੀ ਜਾਤ ਤੋਂ ਬਾਹਰੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ। ਉਹ ਮੁੰਡਾ ਛੋਟੀ ਜਾਤੀ ਨਾਲ ਸੰਬੰਧ ਰੱਖਦਾ ਹੈ। ਹਰਪ੍ਰੀਤ ਇਸ ਨਾਟਕ ਦੀ ਮੁੱਖ ਪਾਤਰ ਹੈ ਜੋ ਕੇ ਜਾਤ-ਪਾਤ ਵਿਚ ਜ਼ਰਾ ਵੀ ਵਿਸ਼ਵਾਸ ਨਹੀਂ ਰੱਖਦੀ। ਉਹ ਹਰ ਮਨੁੱਖ ਨੂੰ ਮਾਨਵਵਾਦੀ ਦ੍ਰਿਸ਼ਟੀ ਤੋਂ ਦੇਖਦੀ ਹੋਈ ਉਸ ਵਿਚਲੀ ਇਨਸਾਨੀਅਤ ਵਿਚ ਵਿਸ਼ਵਾਸ ਕਰਦੀ ਹੈ। ਪਰ ਉਸਦਾ ਪਿਉ ਅਤੇ ਪਰਿਵਾਰ ਉਸਦੀ ਇਸ ਗੱਲ ਨੂੰ ਨਹੀਂ ਸਵੀਕਾਰਦੇ। ਹਰਪ੍ਰੀਤ ਦੇ ਆਪਣੀ ਜਾਤ-ਬਾਹਰੇ ਵਿਆਹ ਕਰਵਾਉਣ 'ਤੇ ਉਹ ਉਸਦਾ (ਹਰਪ੍ਰੀਤ) ਦਾ ਬੇਰਹਿਮੀ ਨਾਲ ਕਤਲ ਕਰ ਦਿੰਦੇ ਹਨ। ਉਹ ਆਪਣੀ 'ਇੱਜ਼ਤ, 'ਅਣਖ' ਖ਼ਾਤਿਰ ਆਪਣੀ ਧੀ ਦੀ ਬਲੀ ਦੇ ਦਿੰਦੇ ਹਨ। ਉਹਨਾਂ ਅਨੁਸਾਰ ਆਪਣੀ ਜਾਤ-ਬਰਾਦਰੀ ਤੋਂ ਬਾਹਰ ਵਿਆਹ ਕਰਵਾਉਣਾ ਅਤੇ ਉਹ ਵੀ ਕਿਸੇ ਛੋਟੀ ਜਾਤੀ ਵਾਲੇ ਨਾਲ, ਉਹਨਾਂ ਦੀ ਇੱਜ਼ਤ ਆਬਰੂ ਦੇ ਖ਼ਿਲਾਫ਼ ਹੈ। ਹਰਪ੍ਰੀਤ ਅਤੇ ਉਸਦੇ ਪਿਉ ਦੀ ਵਾਰਤਾਲਾਪ ਵਿਚੋਂ ਉਸਦੇ ਪਿਉ ਦੀ ਛੋਟੀ ਜਾਤੀ ਪ੍ਰਤੀ ਨਫ਼ਰਤ ਅਤੇ ਸੰਕੀਰਣ ਸੋਚ ਸਾਫ਼ ਝਲਕਦੀ ਹੈ।

**ਸਰਦਾਰਾ :** 'ਇਕ ਜੱਟ ਦੀ ਧੀ ਕਿਸੇ ਕੰਮੀ-ਕਮੀਨ ਦੇ
ਘਰ ਜਾ ਵਸੇ ਇਹ ਸਿਧਾਂਤ ਵੀ ਗੁਰੂ
ਸਾਹਿਬ ਨੇ ਦੱਸਿਐ ਹੋਣੇ ਤੈਨੂੰ ?[4]

ਆਧੁਨਿਕ ਸਮਾਜ ਨੇ ਜਿਥੇ ਮਨੁੱਖ ਦੀ ਸੋਚ ਨੂੰ ਅਗਾਂਹਵਧੂ ਬਣਾਇਆ ਉਥੇ ਅਜੇ ਵੀ ਕੁਝ ਲੋਕ ਆਪਣੀ ਸੰਕੀਰਣ ਸੋਚ ਨੂੰ ਨਾਲ ਲਈ ਖੜੇ ਹਨ। ਉਹਨਾਂ ਦੀ ਇਹ ਸੰਕੀਰਣਤਾ ਸਾਡੇ ਸਮਾਜ ਲਈ ਘਾਤਕ ਸਾਬਿਤ ਹੋ ਸਕਦੀ ਹੈ।

ਆਧੁਨਿਕ ਸਮੇਂ ਵਿਚ ਵਿਗਿਆਨ ਨੇ ਵੀ ਬਹੁਤ ਤਰੱਕੀ ਕਰ ਲਈ ਹੈ। ਇਸਨੇ ਮਨੁੱਖ ਲਈ ਕਈ ਸੁੱਖ ਸਹੂਲਤਾਂ ਪੈਦਾ ਕੀਤੀਆਂ ਹਨ। ਪਰ ਇਸ ਦੀ ਸਹੀ ਵਰਤੋਂ ਹੀ ਸਾਡੇ ਸਮਾਜ ਨੂੰ ਅੱਗੇ ਲੈ ਕੇ ਜਾ ਸਕਦੀ ਹੈ, ਗ਼ਲਤ ਕੰਮਾਂ ਲਈ ਕੀਤੀ ਜਾਂਦੀ ਇਸਦੀ ਵਰਤੋਂ ਮਨੁੱਖੀ ਸਮਾਜ ਲਈ ਸਰਾਪ ਹੈ। ਵਿਗਿਆਨਕ ਖੋਜਾਂ ਨੇ ਜਿੱਥੇ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਣਾਇਆ ਉੱਥੇ ਇਸ ਦੀ ਗ਼ਲਤ ਵਰਤੋਂ ਕਰਨ ਵਾਲਿਆਂ ਨੇ ਕਈ ਕੁਝ ਤਹਿਸ-ਨਹਿਸ ਵੀ ਕੀਤਾ। ਅਜਮੇਰ ਔਲਖ ਨੇ ਆਪਣੇ ਇਕ ਲਘੂ ਨਾਟਕ **ਕਲਖ਼ ਹਨੇਰੇ** ਵਿਚ ਕੁਝ ਅਜਿਹੀ

ਹੀ ਸਥਿਤੀ ਨੂੰ ਬਿਆਨ ਕੀਤਾ ਹੈ। ਨਾਟਕ ਵਿਚ ਬਲਦੀਪ ਜਿਸ ਦੇ ਪਹਿਲਾਂ ਦੋ ਧੀਆਂ ਹਨ ਅਤੇ ਫਿਰ ਗਰਭਵਤੀ ਹੁੰਦੀ ਹੈ। ਪਰੰਪਰਕ ਸੋਚ ਦੇ ਧਾਰਨੀ ਹੋਣ ਕਰਕੇ ਉਸਦੀ ਸੱਸ ਅਤੇ ਪਤੀ ਅਗਲੀ ਔਲਾਦ ਪੁੱਤਰ ਚਾਹੁੰਦੇ ਹਨ। ਇਸ ਸਭ ਦੇ ਚਲਦਿਆਂ ਉਹ ਬਲਦੀਪ ਨੂੰ ਲਿੰਗ ਜਾਂਚ ਕਰਵਾਉਣ ਲਈ ਕਹਿੰਦੇ ਹਨ, ਜਿਸ ਦਾ ਉਹ ਬੁਰੀ ਤਰ੍ਹਾਂ ਵਿਰੋਧ ਕਰਦੀ ਹੈ। ਬਲਦੀਪ ਦੀ ਸੱਸ ਉਸ ਦੀਆਂ ਦੋਹਾਂ ਧੀਆਂ ਨੂੰ ਬੁਰਾ-ਭਲਾ ਵੀ ਬੋਲਦੀ ਹੈ। ਇਕ ਥਾਂ ਉਹ ਕਹਿੰਦੀ ਹੈ ਕਿ :

**ਗੁਰਦੇਵ :** ਤੇ ਤੁਸੀਂ? ਦੋ ਪੱਥਰ । ਜਿਹੜੇ ਸਾਡੇ
ਵਿਹੜੇ ਆ ਡਿੱਗੇ।[5]

ਬਲਦੀਪ ਇਕ ਸਿਆਣੀ ਔਰਤ ਹੈ, ਉਹ ਕੁੜੀ ਅਤੇ ਮੁੰਡੇ ਵਿਚ ਕੋਈ ਫ਼ਰਕ ਨਹੀਂ ਸਮਝਦੀ। ਉਸਦੀ ਵੱਡੀ ਧੀ ਨਵਜੋਤ ਜੋ ਕੇ ਦੱਸ ਸਾਲ ਦੀ ਹੈ, ਦਾਦੀ ਦੀਆਂ ਗੱਲਾਂ ਉਸਦੇ ਮਨ ਉੱਪਰ ਏਨਾਂ ਅਸਰ ਕਰਦੀਆਂ ਹਨ ਕਿ ਉਹ ਆਪਣੀ ਦਾਦੀ ਦੇ ਬੋਲਾਂ 'ਦੋ ਪੱਥਰ' ਦੇ ਵਿਰੋਧ ਵਿਚ ਬੋਲਦੀ ਹੈ ਕਿ :

**ਨਵਜੋਤ :** ਪੁਰਾਣੇ ਖ਼ਿਆਲਾਂ ਦਾ ਮਤਲਬ ਇਹ ਤਾਂ ਨੀ
ਬਈ ਕੁੜੀਆਂ ਨੂੰ ਸਮਝੋ ਈ ਕੁਸ਼ ਨਾ ?
ਸਮਝੋ ਤਾਂ ਬਸ ਪੱਥਰ ਸਮਝੋ । ਪੱਥਰ ਐ
ਅਸੀਂ ਕੋਈ ।[6]

ਬਲਦੀਪ ਨੂੰ ਜਦੋਂ ਪਤਾ ਚਲਦਾ ਹੈ ਕਿ ਉਸਦਾ ਪਤੀ ਉਸਦੇ ਆਉਣ ਵਾਲੇ ਬੱਚੇ ਦਾ ਅਲਟਰਾਸਾਊਂਡ ਕਰਵਾ ਕੇ ਬੱਚੇ ਦੀ ਲਿੰਗ ਜਾਂਚ ਕਰਵਾਉਣਾ ਚਾਹੁੰਦਾ ਹੈ। ਉਹਨਾਂ ਦਾ ਮਤਲਬ ਇਹ ਹੈ ਕਿ ਜੇਕਰ ਧੀ ਹੋਵੇ ਤਾਂ ਉਸਦੀ ਪਹਿਲਾ ਹੀ ਸਫ਼ਾਈ ਕਰਵਾ ਦਿੱਤੀ ਜਾਵੇ। ਪਰ ਬਲਦੀਪ ਆਪਣੇ ਪਤੀ ਦੀ ਇਸ ਗੱਲ ਤੋਂ ਇਨਕਾਰੀ ਹੈ। ਉਹ ਅੰਦਰ ਹੀ ਆਪਣੀ ਅਣਜੰਮੀ ਧੀ ਨੂੰ ਸੰਬੋਧਿਤ ਕਰਦੀ ਬੋਲਦੀ ਹੈ ਕਿ:

**ਬਲਦੀਪ :** ਕੋਈ ਨੀ ਮਾਰ ਸਕਦਾ ਤੈਨੂੰ । ਜਿੰਨਾਂ ਚਿਰ
ਤੇਰੀ ਮਾਂ ਜਿਉਂਦੀ ਐ ਕੋਈ ਹੱਥ ਨੀ ਲਾ
ਸਕਦਾ ਤੈਨੂੰ। ਕੋਈ ਡਾਕਟਰ, ਕੋਈ ਬਾਪ,
ਕੋਈ ਸਮਾਜ। ਕੌਣ ਐ ਜਿਹੜਾ ਮੇਰੀ
ਅਣਜੰਮੀ ਧੀ ਨੂੰ ਖ਼ਤਮ ਕਰਨਾ ਚਾਹੁੰਦੈ ?

ਅੱਗੇ ਤਾਂ ਵਧ ਕੇ ਵਿਖਾਵੇ ਜੇ ਪਾੜ ਕੇ

ਦੋ ਨਾ ਕਰ ਦਿਆਂ ਵਚਾਲ਼ਿਓ।[7]

ਉਸਦੀ ਵਿਰੋਧਤਾ ਇਸ ਹੱਦ ਤਕ ਵੱਧ ਜਾਂਦੀ ਹੈ ਕਿ ਉਸਦਾ ਪਤੀ ਗੁੱਸੇ ਵਿਚ ਆ ਕੇ ਉਸ ਨੂੰ ਜ਼ੋਰ ਨਾਲ ਧੱਕਾ ਦਿੰਦਾ ਹੈ, ਜਿਸ ਕਰਕੇ ਉਹ ਮੰਜ਼ੀ ਦੇ ਪਾਵੇ ਉੱਤੇ ਜਾ ਡਿੱਗਦੀ ਹੈ ਅਤੇ ਦਮ ਤੋੜ ਜਾਂਦੀ ਹੈ। ਇਸ ਤਰ੍ਹਾਂ ਨਾਟਕ ਵਿਚ ਇਕ ਮਾਂ ਆਪਣੀ ਅਣਜੰਮੀ ਧੀ ਨੂੰ ਬਚਾਉਣ ਖ਼ਾਤਿਰ ਆਪ ਵੀ ਕੁਰਬਾਨ ਹੋ ਜਾਂਦੀ ਹੈ।

ਜਾਤ-ਪਾਤ ਨੂੰ ਲੈ ਕੇ ਕੀਤਾ ਜਾਣ ਵਾਲਾ ਵਿਤਕਰਾ ਵੀ ਅਜਮੇਰ ਔਲਖ ਦੇ ਨਾਟਕਾਂ ਦਾ ਅਹਿਮ ਮਸਲਾ/ਸਰੋਕਾਰ ਰਿਹਾ ਹੈ। ਇਸ ਲਘੂ ਨਾਟਕ ਸੰਗ੍ਰਹਿ ਵਿਚ ਵੀ ਉਸਦੇ ਕੁਝ ਨਾਟਕਾਂ ਵਿਚ ਇਸ ਮਸਲੇ ਨੂੰ ਉਘਾੜਿਆ ਗਿਆ ਹੈ। ਭਾਵੇਂ ਸਾਡੇ ਸਮਾਜ ਨੇ ਕਿੰਨੀ ਵੀ ਤਰੱਕੀ ਕਰ ਲਈ ਹੈ ਪਰ ਅੱਜ ਵੀ ਜਾਤ-ਪਾਤ ਨੂੰ ਲੈ ਕੇ ਕੀਤਾ ਜਾਣ ਵਾਲਾ ਇਹ ਵਿਤਕਰਾ ਉਵੇਂ ਦਾ ਉਵੇਂ ਬਰਕਰਾਰ ਹੈ। **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਨਾਟਕ ਵਿਚ ਜਾਤ-ਪਾਤ ਸੰਬੰਧੀ ਕੀਤਾ ਜਾਂਦਾ ਵਿਤਕਰਾ ਉਦੋਂ ਇਕ ਸੰਕਟ ਦਾ ਰੂਪ ਧਾਰਨ ਕਰ ਜਾਂਦਾ ਹੈ ਜਦੋਂ ਨਾਟਕ ਦੀ ਮੁੱਖ ਪਾਤਰ ਇਸ ਕੁਰੀਤੀ ਦੀ ਬਲੀ ਚੜਦੀ ਨਜ਼ਰੀ ਪੈਂਦੀ ਹੈ। **ਲੋਹੇ ਦਾ ਪੁੱਤ**_ ਨਾਟਕ ਵਿਚ ਵੀ ਜਾਤ-ਪਾਤ ਨੂੰ ਲੈ ਵਿਤਕਰਾ ਸਾਹਮਣੇ ਆਉਂਦਾ ਹੈ। ਬਰਛੇ ਨੂੰ ਇਸ ਕਰਕੇ ਹੀ ਨਫ਼ਰਤ ਕੀਤੀ ਜਾਂਦੀ ਸੀ ਕਿ ਉਹ ਨੀਵੀਂ ਜਾਤੀ ਨਾਲ ਸੰਬੰਧ ਰੱਖਦਾ ਸੀ। ਨਾਟਕ ਵਿਚ ਜਗ੍ਹਾ-ਜਗ੍ਹਾ 'ਤੇ ਉਸਦੀ ਜਾਤ ਨੂੰ ਲੈ ਕੇ ਬੋਲ ਕਬੋਲ ਬੋਲੇ ਗਏ। ਜਿਵੇਂ :

ਪੰਮਾ : ਬਰਛਿਆ ਤੇਰੀ ਆਂ ਚੂਹੜੀ ਉਇ।[8]

ਨਾਰੰਗਾਂ : ਉਇ ਹੱਟਦਾ ਨਹੀਂ ਕੁਜਾਤੇ ਤੇਰੀ...[9]

**ਹਰਿਓ ਬੂਟ** ਨਾਟਕ ਵਿਚ ਅਜਮੇਰ ਔਲਖ ਨੇ ਇਕ ਨਿਵੇਕਲੇ ਵਿਸ਼ੇ ਨੂੰ ਛੂੰਹਦਿਆਂ 1980 ਤੋਂ 1990 ਦੇ ਦੌਰਾਨ ਪੰਜਾਬ ਵਿਚ ਸੁਰੱਖਿਆ ਸੇਵਾ ਬਲਾਂ ਅਤੇ ਪੁਲਿਸ ਦੁਆਰਾ ਨਿਰਦੋਸ਼ ਲੋਕਾਂ ਉਤੇ ਕੀਤੇ ਤਸ਼ੱਦਦ ਨੂੰ ਪੇਸ਼ ਕੀਤਾ। ਜਿਸ ਵਿਚ ਗ਼ਰੀਬ, ਬਜ਼ੁਰਗਾਂ, ਔਰਤਾਂ, ਬੱਚਿਆਂ ਅਤੇ ਬਿਮਾਰ ਵਿਅਕਤੀਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਉਸ ਸਮੇਂ ਲੋਕਾਂ ਦੇ ਦਿਲਾਂ ਵਿਚ ਡਰ ਅਤੇ ਸਹਿਮ ਨੂੰ ਔਲਖ ਨੇ ਬੜੇ ਸਫ਼ਲ ਢੰਗ ਰਾਹੀਂ ਪੇਸ਼ ਕੀਤਾ।

ਉਪਰੋਕਤ ਵਿਚਾਰ ਚਰਚਾਂ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਅਜਮੇਰ ਔਲਖ ਇਕ ਅਜਿਹਾ ਪ੍ਰਤਿਭਾਸ਼ੀਲ ਨਾਟਕਕਾਰ ਹੈ, ਜਿਸਨੇ ਨਿਮਨ ਕਿਸਾਨੀ ਦੇ ਦੁਖਾਂਤ ਨੂੰ ਯਥਾਰਥਕ ਢੰਗ ਰਾਹੀਂ ਪੇਸ਼ ਕੀਤਾ। ਉਹ ਨਿਮਨ ਵਰਗ ਦੀ ਹਰ ਸਮੱਸਿਆ ਨੂੰ ਬੜੀ ਮਜ਼ਬੂਤੀ ਨਾਲ ਪੇਸ਼ ਕਰਦਾ ਹੈ। ਹਸ਼ੀਆਗਤ ਲੋਕਾਂ ਨੂੰ ਆਪਣੇ ਪਾਤਰ ਬਣਾਉਣਾ ਅਤੇ ਪੂੰਜੀਵਾਦੀ ਵਰਗ ਦੁਆਰਾ ਲਿਤਾੜੀ ਹੋਈ ਗ਼ਰੀਬ ਸ਼੍ਰੇਣੀ ਨਾਲ ਪ੍ਰਤਿਬੱਧਤਾ, ਔਲਖ ਦੀ ਨਾਟ-ਸਿਰਜਨਾ ਨੂੰ ਪ੍ਰਗਤੀਵਾਦ ਦੀ ਸੁਰ ਪ੍ਰਦਾਨ ਕਰਦੀ ਹੈ। ਪ੍ਰਗਤੀਵਾਦ ਜਿਸਦੇ ਪਿੱਛੇ ਮਾਰਕਸਵਾਦ ਦਾ ਸਿਧਾਂਤ ਕੰਮ ਕਰਦਾ ਹੈ। ਪਰੰਤੂ ਔਲਖ ਇਸ ਵਿਚਾਰਧਾਰਾ ਦਾ ਪ੍ਰਤੱਖ ਪ੍ਰਚਾਰ ਕਰਨ ਦੀ ਬਜਾਏ ਅਪ੍ਰਤੱਖ ਰੂਪ ਵਿਚ ਪੇਸ਼ ਕਰਦਾ ਹੈ। **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਲਘੂ ਨਾਟਕ ਸੰਗ੍ਰਹਿ ਵਿਚਲੇ ਨਾਟਕਾਂ ਵਿਚ ਉਸਨੇ ਸਮਾਜਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਆਪਣਾ ਕੇਂਦਰੀ ਵਸਤੂ ਗ੍ਰਹਿਣ ਕੀਤਾ। **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਲਘੂ ਨਾਟਕ ਸੰਗ੍ਰਹਿ ਦੇ ਆਧਾਰ ਉੱਤੇ ਸਮੁੱਚੀ ਚਰਚਾ ਤੋਂ ਉਪਰੰਤ ਕੁਝ ਮੂਲ ਸੂਤਰ/ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ :

- ਅਜਮੇਰ ਔਲਖ ਇਕ ਚੇਤੰਨ ਨਾਟਕਕਾਰ ਹੈ, ਉਸਨੇ ਆਪਣੇ ਨਾਟਕਾਂ ਦੀ ਪੇਸ਼ਕਾਰੀ ਯਥਾਰਥਵਾਦੀ ਦ੍ਰਿਸ਼ਟੀ ਤੋਂ ਕੀਤੀ।
- ਇਸ ਸੰਗ੍ਰਹਿ ਵਿਚ ਪ੍ਰਸਤੁਤ ਸਮੁੱਚੇ ਨਾਟਕ ਪੇਂਡੂ ਨਿਮਨ ਕਿਰਸਾਨੀ ਦੀਆਂ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਸਮੱਸਿਆਵਾਂ, ਪੂੰਜੀਪਤੀ ਵਰਗ ਦੁਆਰਾ ਗਰੀਬ ਵਰਗ ਦੀ ਲੁੱਟ-ਖਸੁੱਟ, ਜਾਤ-ਪਾਤ, ਮਨੁੱਖੀ ਰਿਸ਼ਤਿਆਂ ਦੇ ਵਿਗਠਣ ਅਤੇ ਭਰੂਣ ਹੱਤਿਆ ਆਦਿ ਮੁੱਦਿਆਂ ਦੁਆਲੇ ਘੁੰਮਦੇ ਹਨ।
- ਸਮੁੱਚੇ ਨਾਟਕਾਂ ਵਿਚੋਂ ਪ੍ਰਗਤੀਵਾਦੀ ਧਾਰਾ ਦੀ ਦਿੱਖ ਪ੍ਰਾਪਤ ਹੁੰਦੀ ਹੈ, ਪਰੰਤੂ ਸਤਹੀ ਪੱਧਰ ’ਤੇ ਨਹੀਂ।
- ਮਾਲਵੇ ਦੇ ਪੱਛੜੇ ਇਲਾਕੇ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾ ਕੇ ਉਸਨੇ ਪੰਜਾਬੀ ਨਾਟਕ ਦੇ ਪਿੜ ਵਿਚ ਆਂਚਲਿਕਤਾ ਦੀ ਪ੍ਰਵਿਰਤੀ ਨੂੰ ਆਰੰਭਿਆ।

- ਇਸ ਸੰਗ੍ਰਹਿ ਦੇ ਸਮੁੱਚੇ ਨਾਟਕਾਂ ਵਿਚ ਔਲਖ ਨੇ ਆਰਥਿਕ, ਸਮਾਜਿਕ ਤੇ ਸਭਿਆਚਾਰਕ ਪਰਿਸਥਿਤੀਆਂ ਦੇ ਵਿਸ਼ਲੇਸ਼ਣ ਰਾਹੀਂ ਆਪਣੀ ਵਿਲੱਖਣ ਅਤੇ ਵਿਕੋਲਿਤਰੀ ਨਾਟ-ਸੰਵੇਦਨਾ ਦਾ ਬੋਧ ਕਰਵਾਇਆ ਹੈ।
- ਇਸ ਨਾਟਕ ਸੰਗ੍ਰਹਿ ਵਿਚ ਪ੍ਰਸਤੁਤ ਸਮੱਸਿਆਵਾਂ ਰਾਹੀਂ ਉਹ ਆਪਣੇ ਸਮਾਜ ਅੱਗੇ ਕਈ ਸਵਾਲੀਆਂ ਨਿਸ਼ਾਨ ਲਗਾਉਂਦਾ ਹੈ ਅਤੇ ਇਹਨਾਂ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਅਜਮੇਰ ਔਲਖ ਦਾ ਇਹ ਲਘੂ ਨਾਟਕ ਸੰਗ੍ਰਹਿ ਵੱਖ-ਵੱਖ ਗੰਭੀਰ ਮੁੱਦਿਆਂ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ। ਪੰਜਾਬੀ ਨਾਟਕ ਦੇ ਖੇਤਰ ਵਿਚ ਇਹ ਲਘੂ ਨਾਟਕ ਸੰਗ੍ਰਹਿ ਇਤਿਹਾਸਕ ਮਹੱਤਵ ਦਾ ਧਾਰਨੀ ਹੈ।

## ਹਵਾਲੇ ਤੇ ਟਿੱਪਣੀਆਂ


(1) ਕੇਸਰ ਸਿੰਘ ਕੇਸਰ "ਅਜਮੇਰ ਔਲਖ ਦੀ ਵਿਚਾਰਧਾਰਾ", ਸੁਖਦੇਵ ਸਿੰਘ (ਸੰਪਾ.), **ਅਜਮੇਰ ਔਲਖ ਦੀ ਨਾਟ-ਭੂਮੀ ,** ਪੰਨਾ 29.

(2) ਅਜਮੇਰ ਸਿੰਘ ਔਲਖ, **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ,** ਪੰਨਾ 59.

(3) **ਉਹੀ,** ਪੰਨਾ 108.

(4) **ਉਹੀ,** ਪੰਨਾ 21.

(5) **ਉਹੀ,** ਪੰਨਾ 77.

(6) **ਉਹੀ,** ਪੰਨਾ 80.

(7) **ਉਹੀ,** ਪੰਨਾ 94.

(8) **ਉਹੀ,** ਪੰਨਾ 99.

(9) **ਉਹੀ,** ਪੰਨਾ 99.